ਗੁਰੂ ਜੀ ਦੇ ਛੋਟੇ ਪੋਤਰੇ ਸ੍ਰੀ ਹਰਿਰਾਇ ਸਾਹਿਬ ਜੀ, ਹਰ ਤਰ੍ਹਾਂ ਗੁਰ-ਗੱਦੀ ਦੀਆਂ ਜ਼ੁੰਮੇਵਾਰੀਆਂ ਨਿਭਾਹੁਣ ਦੇ ਯੋਗ ਸਨ, ਇਸ ਕਰ ਕੇ ਉਨ੍ਹਾਂ ਨੂੰ ਹੀ ਆਪ ਨੇ ਗੁਰ-ਗੱਦੀ 'ਤੇ ਬਿਰਾਜਣ ਲਈ ਚੁਣਿਆ।

ਸੱਚ-ਖੰਡ ਵਾਪਸੀ– ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਚੇਤ ਸੁਦੀ ਪੰਚਮੀ (੬ ਚੇਤ) ਸੰਮਤ ੧੭੦੧, ਮੁਤਾਬਕ ੩ ਮਾਰਚ ਸੰਨ ੧੬੪੪ ਨੂੰ ਐਤਵਾਰ ਵਾਲੇ ਦਿਨ ਜੋਤੀ-ਜੋਤਿ ਸਮਾਏ।

ਆਪ ਦੇ ਦੇਹ ਤਿਆਗਣ 'ਤੇ ਆਪ ਦੇ ਚਰਨ-ਕੰਵਲਾਂ ਦੇ ਭੌਰੇ ਬਿਹਬਲ ਹੋ ਗਏ। ਬਹੁਤ ਸਾਰੇ ਤਾਂ ਆਪ ਦੇ ਸਰੀਰ ਦੇ ਨਾਲ ਚਿਖਾ ਵਿੱਚ ਪੈਣਾ ਲੋਚਦੇ ਸਨ। ਦੋਂਹ ਜਣਿਆਂ–ਇਕ ਰਾਜਪੂਤ ਤੇ ਇਕ ਜੱਟ– ਨੇ ਤਾਂ ਚਿਖਾ ਉਪਰ ਛਾਲਾਂ ਮਾਰ ਵੀ ਦਿੱਤੀਆਂ। ਉਹ ਚਿਖਾ 'ਤੇ ਧਰੀ ਗੁਰੂ ਜੀ ਦੀ ਦੇਹ ਉਦਾਲੇ ਪ੍ਰਕਰਮਾਂ ਕਰਦੇ ਰਹੇ ਅਤੇ ਅੰਤ ਨੂੰ ਗੁਰੂ ਜੀ ਦੇ ਚਰਨਾਂ ਨਾਲ ਚਿੰਬੜ ਗਏ। ਉਨ੍ਹਾਂ ਦੇ ਸਰੀਰ ਅੱਗ ਦੀ ਭੇਟ ਹੋ ਗਏ ਅਤੇ ਉਨ੍ਹਾਂ ਦੀਆਂ ਆਤਮਾਂ ਗੁਰੂ ਜੀ ਦੀ ਭਾਲ ਵਿੱਚ ਉਡਾਰੀ ਲਾ ਗਈਆਂ। ਹੋਰ ਵੀ ਅਨੇਕਾਂ ਸਿੱਖ ਇਹੋ ਕੁਝ ਕਰਨਾ ਚਾਹੁੰਦੇ ਸਨ, ਪਰ ਸ੍ਰੀ ਗੁਰੂ ਹਰਿਰਾਇ ਜੀ ਨੇ ਉਨ੍ਹਾਂ ਨੂੰ ਰੋਕਿਆ ਅਤੇ ਧੀਰਜ ਦਿੱਤੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਦੇਹ ਦਾ ਸਸਕਾਰ ਕੀਰਤਪੁਰ ਵਿੱਚ ਸਤਲੁਜ ਦੇ ਕੰਢੇ ਕੀਤਾ ਗਿਆ ਉਸ ਥਾਂ ਦਾ ਨਾਂ 'ਪਤਾਲਪੁਰੀ' ਹੈ।

★ ★ ★

## ਸੈਂਚੀ ਸੱਤਵੀਂ

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

*(ਸੰਮਤ ੧੬੮੬-੧੭੧੮, ਸੰਨ ੧੬੩੦-੧੬੬੧)*

## ਜਗਤ-ਫੇਰੀ ਦਾ ਸੰਖੇਪ

ਜਨਮ– ਮਾਘ ਸੁਦੀ ੧੩ (੧੯ ਮਾਘ) ਸੰਮਤ ੧੬੮੬, ਛਨਿਛਰਵਾਰ ਮੁਤਾਬਕ ੧੬ ਜਨਵਰੀ, ਸੰਨ ੧੬੩੦।

ਜਨਮ-ਅਸਥਾਨ–ਸ਼ੀਸ਼ ਮਹਿਲ, ਕੀਰਤਪੁਰ, ਜ਼ਿਲ੍ਹਾ ਹੁਸ਼ਿਆਰਪੁਰ।

ਮਾਤਾ-ਪਿਤਾ– ਪਿਤਾ: ਬਾਬਾ ਗੁਰਦਿੱਤਾ ਜੀ, ਮਾਤਾ ਸ੍ਰੀ ਨਿਹਾਲ ਕੌਰ ਜੀ, ਜਿਨ੍ਹਾਂ ਨੂੰ ਅਨੰਤੀ ਤੇ ਨੱਤੀ ਵੀ ਕਹਿੰਦੇ ਸਨ।

ਗੁਰਿਆਈ– ਕੀਰਤਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਚੇਤ ਸੁਦੀ ੧੦, (੧੧ ਚੇਤ) ਸੰਮਤ ੧੭੦੧, ਸ਼ੁੱਕਰਵਾਰ, ਮੁਤਾਬਕ ੮ ਮਾਰਚ, ਸੰਨ ੧੬੪੪।

ਵਿਆਹ– ਅਨੂਪ ਸ਼ਹਿਰ (ਉਤਰ ਪ੍ਰਦੇਸ਼) ਨਿਵਾਸੀ ਸ੍ਰੀ ਦਇਆ ਰਾਮ ਦੀ ਸਪੁੱਤਰੀ, ਸ੍ਰੀ (ਮਾਤਾ) ਕਿਸ਼ਨ ਕੌਰ (ਸੁਲੱਖਣੀ) ਜੀ ਨਾਲ ਹਾੜ ਸੁਦੀ ੩, ਸੰਮਤ ੧੬੯੭ ਨੂੰ।

ਸੰਤਾਨ– ਸ੍ਰੀ ਰਾਮਰਾਇ ਸੰਮਤ ੧੭੦੩ ਵਿੱਚ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਸੰਮਤ ੧੭੧੩ ਵਿੱਚ।

ਸੱਚ-ਖੰਡ ਵਾਪਸੀ– ਕੱਤਕ ਵਦੀ ੯ (੫ ਕੱਤਕ) ਸੰਮਤ ੧੭੧੮, ਐਤਵਾਰ, ਮੁਤਾਬਕ ੬ ਅਕਤੂਬਰ ਸੰਨ ੧੬੬੧, ਕੀਰਤਪੁਰ।



### ਕਾਂਡ ੧

# ਗੁਰਿਆਈ ਤੋਂ ਪਹਿਲਾਂ ਦਾ ਸਮਾਂ

## ਜਨਮ, ਬਾਲਪਨ, ਵਿਆਹ

ਜਨਮ–ਸ੍ਰੀ ਗੁਰੂ ਹਰਿਰਾਇ ਸਾਹਿਬ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ ਅਤੇ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਸਨ। ਆਪ ਦਾ ਜਨਮ ਮਾਘ ਸੁਦੀ ੧੩ ਸੰਮਤ ੧੬੮੬ ਨੂੰ ਮਾਤਾ ਨਿਹਾਲ ਕੌਰ* ਜੀ ਦੀ ਕੁੱਖੋਂ ਕੀਰਤਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੋਇਆ। ਉਸ ਦਿਨ ਸ਼ਨਿਚਰਵਾਰ ਸੀ, ਮਾਘ ਮਹੀਨੇ ਸੰਮਤ ੧੬੮੬ ਦੀ ੧੯ ਅਤੇ ਅੰਗਰੇਜ਼ੀ ਸੰਨ ੧੬੩੦ ਦੇ ਮਹੀਨਾ ਜਨਵਰੀ ਦੀ ੧੬ ਤਰੀਕ ਸੀ।

ਪੜ੍ਹਾਈ ਸਿਖਲਾਈ– ਸ੍ਰੀ ਗੁਰੂ ਹਰਿਰਾਇ ਸਾਹਿਬ ਦੀ ਪੜ੍ਹਾਈ ਸਿਖਲਾਈ ਮੀਰੀ ਪੀਰੀ ਦੇ ਮਾਲਕ ਛੇਵੇਂ ਸਤਿਗੁਰਾਂ ਦੀ ਨਿਗਰਾਨੀ ਵਿੱਚ ਹੋਈ। ਆਪ ਨੂੰ ਧਾਰਮਕ ਵਿੱਦਿਆ ਤੇ ਗੁਰਬਾਣੀ ਵਿਚਾਰ ਦੇ ਨਾਲ-ਨਾਲ ਸ਼ਸਤਰਾਂ ਦੀ ਵਰਤੋਂ ਅਤੇ ਬੀਰਤਾ ਵਾਲੇ ਹੋਰ ਕਰਤਬ ਅਭਿਆਸ ਸਿਖਾਉਣ ਪਕਾਉਣ ਦਾ ਵੀ ਪ੍ਰਬੰਧ ਕੀਤਾ ਗਿਆ। ਛੋਟੀ ਉਮਰ ਤੋਂ ਹੀ ਆਪ ਸੰਤ-ਸੁਭਾਅ, ਉੱਚੀ ਆਤਮਕ ਦ੍ਰਿਸ਼ਟੀ ਅਤੇ ਦਇਆ ਤੇ ਪ੍ਰੇਮ ਨਾਲ ਭਰਪੂਰ ਕੋਮਲ ਹਿਰਦੇ ਵਾਲੇ ਸਨ ਪਰ ਨਾਲ ਹੀ ਆਪ ਸਰੀਰ ਦੇ ਤਕੜੇ ਬਲਵਾਨ ਅਤੇ ਬੀਰਤਾ ਦੇ ਪੁੰਜ ਵੀ ਸਨ। ਆਪ ਫੌਲਾਦ ਵਾਂਗ ਸਖ਼ਤ ਅਤੇ ਫੁੱਲਾਂ ਦੀ ਤਰ੍ਹਾਂ ਨਰਮ ਗੁਣਾਂ ਦੇ ਮਾਲਕ ਸਨ।

ਹਿਰਦੇ ਦੀ ਕੋਮਲਤਾ– ਆਪ ਦੇ ਹਿਰਦੇ ਦੀ ਕੋਮਲਤਾ ਬਾਰੇ ਆਪ ਦੇ ਬਾਲਪਨ ਦੀ ਇਕ ਸਾਖੀ ਪ੍ਰਸਿੱਧ ਹੈ। ਉਹ ਇਸ

*ਮਾਤਾ ਸ੍ਰੀ ਨਿਹਾਲ ਕੌਰ ਜੀ ਨੂੰ ਮਾਤਾ ਅਨੰਤੀ ਜੀ ਤੇ ਮਾਤਾ ਨੱਤੀ ਜੀ ਵੀ ਕਹਿੰਦੇ ਸਨ।

ਪ੍ਰਕਾਰ ਹੈ– ਇਕ ਦਿਨ ਆਪ ਕਰਤਾਰਪੁਰ (ਜਲੰਧਰ) ਦੇ ਬਾਗ ਵਿੱਚ ਟਹਿਲ ਰਹੇ ਸਨ । ਯਕਾ ਯਕ ਤੇਜ਼ ਹਵਾ ਝੁੱਲ ਪਈ । ਆਪ ਖੁੱਲ੍ਹਾ ਸਾਰਾ ਜਾਮਾ ਪਹਿਨਿਆ ਕਰਦੇ ਸਨ । ਇਸ ਦੇ ਹਵਾ ਨਾਲ ਖਿੰਡਣ ਦੇ ਕਾਰਨ ਕੁਝ ਫੁੱਲ ਟੁੱਟ ਕੇ ਭੋਂ ਉਤੇ ਡਿੱਗ ਪਏ । ਪੱਤੀਆਂ ਘੱਟੇ ਵਿੱਚ ਖਿੱਲਰ ਗਈਆਂ । ਇਹ ਵੇਖ ਕੇ ਆਪ ਦੁਖੀ ਜਿਹੇ ਹੋ ਕੇ ਬੂਟਿਆਂ ਪਾਸ ਖੜੋ ਗਏ ਅਤੇ ਮਨ ਵਿੱਚ ਕਹਿਣ ਲੱਗੇ, ਇਹ ਸੁੰਦਰ ਫੁੱਲ ਟਾਹਣੀਆਂ ਨਾਲ ਲੱਗੇ ਕਿਆ ਚੰਗੇ ਲੱਗਦੇ ਸਨ । ਮੇਰੇ ਜਾਮੇ ਨਾਲ ਇਹ ਟੁੱਟ ਕੇ ਘੱਟੇ ਮਿੱਟੀ ਵਿੱਚ ਜਾ ਪਏ ਨੇ । ਇਹ ਮਾੜਾ ਕੰਮ ਹੋਇਆ ! ਫੁੱਲਾਂ ਬੂਟਿਆਂ ਵਿੱਚ ਵੀ ਅੰਤ ਨੂੰ ਜਾਨ ਹੈ । ਸੁੰਦਰਤਾ ਦਾ ਮਿੱਟੀ ਵਿੱਚ ਰੁਲਣਾ ਦੁਖਦਾਈ ਗੱਲ ਹੈ ।

ਸ੍ਰੀ ਹਰਿਰਾਇ ਜੀ ਇਨ੍ਹੀਂ ਸੋਚੀਂ ਪਏ ਖੜੇ ਸਨ ਕਿ ਛੇਵੇਂ ਸਤਿਗੁਰੂ ਜੀ ਓਥੇ ਆ ਗਏ । ਉਨ੍ਹਾਂ ਨੇ ਆਪਣੇ ਕੋਮਲ-ਚਿਤ ਤੇ ਖੁਸ਼-ਦਿਲ ਪੋਤਰੇ ਪਾਸੋਂ ਇਸ ਤਰ੍ਹਾਂ ਸਹਿਮੇ ਜਿਹੇ ਖੜ੍ਹੇ ਹੋਣ ਦਾ ਕਾਰਨ ਪੁੱਛਿਆ । ਸ੍ਰੀ ਹਰਿਰਾਇ ਜੀ ਨੇ ਜਾਮੇ ਨਾਲ ਅੜ ਕੇ ਫੁੱਲਾਂ ਦੇ ਟੁੱਟ ਕੇ ਮਿੱਟੀ ਵਿੱਚ ਡਿੱਗ ਪੈਣ ਤੋਂ ਪੈਦਾ ਹੋਏ ਆਪਣੇ ਦਿਲ ਦੇ ਦੁੱਖ ਦੀ ਗੱਲ ਦੱਸੀ । ਅੱਗੋਂ ਸਤਿਗੁਰੂ ਜੀ ਬੋਲੇ : *'ਬੇਟਾ ! ਜਦ ਅਜਿਹਾ ਜਾਮਾ ਪਾਈਏ ਜਿਹੜਾ ਖਿੰਡ ਕੇ ਦੂਰ ਤੀਕ ਪੁੱਜ ਸਕਦਾ ਹੋਵੇ ਤੇ ਕੋਮਲ ਵਸਤਾਂ ਨੂੰ ਨੁਕਸਾਨ ਪੁਚਾ ਸਕਦਾ ਹੋਵੇ, ਤਾਂ ਆਪਣੇ ਜਾਮੇ ਨੂੰ ਸੰਭਾਲ ਕੇ ਰੱਖਣਾ ਚਾਹੀਦਾ ਹੈ ।'*

ਇਨ੍ਹਾਂ ਸ਼ਬਦਾਂ ਰਾਹੀਂ ਮੀਰੀ ਪੀਰੀ ਦੇ ਮਾਲਕ, ਸੂਰਬੀਰਤਾ ਦੇ ਪੁੰਜ, ਜੋਧਾਂ ਤੇ ਜੇਤੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਹੋਣਹਾਰ, ਸੂਰਬੀਰ, ਸੰਤ-ਸਿਪਾਹੀ ਪੋਤਰੇ ਨੂੰ ਇਹ ਸਿੱਖਿਆ ਦਿੱਤੀ ਕਿ ਬੰਦੇ ਨੂੰ ਆਪਣੀ ਤਾਕਤ ਦੀ ਸੋਚ-ਸਮਝ ਕੇ ਵਰਤੋਂ ਕਰਨੀ ਚਾਹੀਦੀ ਹੈ । ਸੁਤੇ-ਸਿੱਧ ਜਾਂ ਵਿੱਸਰ-ਭੋਲੇ ਵੀ ਕਿਸੇ ਨੂੰ ਅਜਾਈਂ ਦੁੱਖ ਤਕਲੀਫ ਦੇਣੋਂ ਸੰਕੋਚ ਕਰਨਾ ਚਾਹੀਦਾ ਹੈ । ਜਿੰਨੀ ਤਾਕਤ ਵਧੇਰੇ ਹੋਵੇ ਓਨੀ ਹੀ ਵਧੇਰੇ ਜ਼ੁੰਮੇਵਾਰੀ



ਮਹਿਸੂਸ ਕਰਨੀ ਚਾਹੀਦੀ ਹੈ ਅਤੇ ਸੋਘੇ ਹੋ ਕੇ ਵਿਚਰਨਾ-ਵਰਤਣਾ ਚਾਹੀਦਾ ਹੈ ।

ਸ੍ਰੀ ਹਰਿਰਾਇ ਸਾਹਿਬ ਨੇ ਦਾਦਾ-ਗੁਰੂ ਜੀ ਦਾ ਇਹ ਉਪਦੇਸ਼ ਘੁੱਟ ਕੇ ਪੱਲੇ ਬੰਨ੍ਹਿਆ । ਸਾਰੀ ਉਮਰ ਇਸ ਅਨੁਸਾਰ ਵਰਤੋਂ ਕੀਤੀ ਅਤੇ ਤਾਣ ਹੁੰਦਿਆਂ ਨਿਤਾਣੇ ਹੋ ਕੇ ਵਰਤ ਕੇ ਵਿਖਾਇਆ। ਆਪ ਕਿਸੇ ਦਾ ਦਿਲ ਦੁਖਾਉਣ ਨੂੰ ਪਾਪ ਸਮਝਦੇ ਸਨ । ਉਹ ਸ਼ੇਖ ਫਰੀਦ ਦਾ ਹੇਠ ਲਿਖਿਆ ਸਲੋਕ ਬਹੁਤ ਪ੍ਰੇਮ ਨਾਲ ਉਚਾਰਿਆ ਕਰਦੇ ਸਨ:

*ਸਭਨਾ ਮਨ ਮਾਣਿਕ[1] ਠਾਹਣੁ[2] ਮੂਲਿ ਮਚਾਂਗਵਾ[3] ॥*
*ਜੇ ਤਉ ਪਿਰੀਆ[4] ਦੀ ਸਿਕ[5] ਹਿਆਉ[6] ਨ ਠਾਹੇ ਕਹੀ ਦਾ ॥*

ਇਸ ਸਲੋਕ ਦਾ ਅਰਥ ਇਹ ਹੈ ਕਿ ਸਭ ਮਨੁੱਖਾਂ ਦੇ ਦਿਲ ਮਾਣਕ (ਵਡ-ਮੁੱਲੇ ਹੀਰੇ) ਹਨ, ਇਨ੍ਹਾਂ ਨੂੰ ਢਾਹੁਣਾ (ਦੁਖਾਉਣਾ) ਪਾਪ ਹੈ । ਜੇ ਤੁਸੀਂ ਪ੍ਰੀਤਮ ਪਰਮਾਤਮਾ ਨੂੰ ਮਿਲਣ ਦੇ ਚਾਹਵਾਨ ਹੋ, ਤਾਂ ਕਿਸੇ ਦਾ ਦਿਲ ਨਾ ਢਾਹੋ, ਦੁਖਾਓ ।

ਇਸੇ ਸੰਬੰਧ ਵਿੱਚ ਆਪ ਫਾਰਸੀ ਦਾ ਇਕ ਬੰਦ ਵੀ ਪੜ੍ਹਿਆ ਕਰਦੇ ਸਨ ਜਿਸ ਵਿੱਚ ਰੱਬ ਇਹ ਗੱਲ ਆਖਦਾ ਦੱਸਿਆ ਗਿਆ ਹੈ– *'ਮੈਂ ਤੁਹਾਨੂੰ ਮੰਦਰ ਜਾਂ ਮਸੀਤ ਢਾਹੁਣ ਦੀ ਆਗਿਆ ਦੇ ਸਕਦਾ ਹਾਂ, ਪਰ ਕਿਸੇ ਦਾ ਦਿਲ ਤੋੜਨਾ ਅਜਿਹਾ ਕੰਮ ਹੈ, ਜੋ ਮੈਂ ਕਦੇ ਵੀ ਜਰਨ ਜਾਂ ਮਨਜ਼ੂਰ ਕਰਨ ਨੂੰ ਤਿਆਰ ਨਹੀਂ ।'*

ਇਸ ਦੀ ਵਿਆਖਿਆ ਕਰਦਿਆਂ ਆਪ ਕਿਹਾ ਕਰਦੇ ਸਨ : *'ਇਹ ਗੱਲ ਹੈ ਵੀ ਠੀਕ । ਢੱਠੇ ਹੋਏ ਮੰਦਰ ਤੇ ਮਸੀਤ ਦੀ ਤਾਂ ਮੁਰੰਮਤ ਜਾਂ ਮੁੜ ਉਸਾਰੀ ਹੋ ਸਕਦੀ ਹੈ, ਪਰ ਢੱਠੇ ਟੁੱਟੇ ਹੋਏ ਦਿਲ ਨੂੰ ਮੁੜ ਸਾਬਤ ਨਹੀਂ ਕੀਤਾ ਜਾ ਸਕਦਾ ।'*

ਆਪ ਦੀ ਸਾਰੀ ਉਮਰ ਇਕ ਪਾਸੇ ਨਿਰਭੈ, ਸੂਰਬੀਰਤਾ ਅਤੇ ਦੂਜੇ ਪਾਸੇ ਤਰਸ, ਦਇਆ, ਪ੍ਰੇਮ ਤੇ ਕੋਮਲਤਾ ਦਾ ਨਮੂਨਾ ਸੀ ।

*੧ ਰਤਨ, ਲਾਲ । ੨ ਢਾਹੁਣਾ, ਤੋੜਨਾ । ੩ ਹੱਛਾ ਨਹੀਂ, ਚੰਗਾ ਨਹੀਂ। ੪ ਪਿਆਰਾ, ਪ੍ਰੀਤਮ । ੫ ਚਾਹ, ਤੀਬਰ ਇੱਛਿਆ । ੬ ਹਿਰਦਾ, ਦਿਲ। ੭ ਢੋਹ, ਤੋੜ । ੮ ਕਿਸੇ ਦਾ ।*

ਵਿਆਹ– ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਵਿਆਹ ਅਨੂਪ ਸ਼ਹਿਰ, ਜ਼ਿਲ੍ਹਾ ਬੁਲੰਦ-ਸ਼ਹਿਰ ਉੱਤਰ ਪ੍ਰਦੇਸ਼, ਨਿਵਾਸੀ ਸ੍ਰੀ ਦਇਆ ਰਾਮ ਦੀ ਸਪੁੱਤਰੀ, ਸ੍ਰੀ ਕਿਸ਼ਨ (ਕ੍ਰਿਸ਼ਨ) ਕੌਰ ਜੀ ਨਾਲ ਹਾੜ ਸੁਦੀ ੩, ਸੰਮਤ ੧੬੯੭ ਨੂੰ ਹੋਇਆ । ਮਾਤਾ ਕ੍ਰਿਸ਼ਨ ਕੌਰ ਨੂੰ 'ਸੁਲੱਖਣੀ' ਜੀ ਲਿਖਿਆ ਵੀ ਮਿਲਦਾ ਹੈ ।

ਸ੍ਰੀ ਮਾਤਾ ਕਿਸ਼ਨ ਕੌਰ ਦੀ ਕੁੱਖ ਤੋਂ ਦੋ ਪੁੱਤ ਪੈਦਾ ਹੋਏ-ਸ੍ਰੀ ਰਾਮਰਾਇ ਸੰਮਤ ੧੭੦੩ ਵਿੱਚ ਅਤੇ ਸ੍ਰੀ (ਗੁਰੂ) ਹਰਿ ਕ੍ਰਿਸ਼ਨ ਸਾਹਿਬ ਜੀ ਸੰਮਤ ੧੭੧੩ ਵਿੱਚ ।

ਸ੍ਰੀ ਗੁਰੂ ਹਰਿਰਾਇ ਜੀ ਦੇ ਜੀਵਨ ਸੰਬੰਧੀ ਇਕ ਗਲਤ ਗੱਲ ਪ੍ਰਚੱਲਤ ਕੀਤੀ ਗਈ ਹੈ, ਉਹ ਇਹ ਕਿ ਆਪ ਨੇ ਉਪਰ ਦੱਸੀ ਥਿਤ ਜਾਂ ਤਰੀਕ ਨੂੰ ਸ੍ਰੀ ਦਇਆ ਰਾਮ ਦੀਆਂ ਸੱਤਾਂ ਧੀਆਂ ਨਾਲ ਵਿਆਹ ਕਰਾਇਆ । ਇਹ ਗੱਲ ਕਿਸੇ ਨੇ ਸੂਰਜ ਪ੍ਰਕਾਸ਼ ਦੇ ਇਕ ਖਰੜੇ ਵਿੱਚ ਘਸੋੜ ਛੱਡੀ ਹੈ ਤੇ ਉਹ ਵੀ ਅਜਿਹੇ ਪੱਤਰਿਆਂ ਉਪਰ ਜਿਨ੍ਹਾਂ ਉਪਰ ਅੰਕ ਨੰਬਰ ਨਹੀਂ ਪਾਏ । ਸੂਰਜ ਪ੍ਰਕਾਸ਼ ਦੇ ਹੋਰ ਖਰੜਿਆਂ ਜਾਂ ਨਕਲਾਂ ਵਿੱਚ ਇਕੋ ਵਿਆਹ ਲਿਖਿਆ ਹੈ । ਮਹਿਮਾ ਪ੍ਰਕਾਸ਼ ਵਿੱਚ ਵੀ ਇਕੋ ਵਿਆਹ ਲਿਖਿਆ ਹੈ ਤੇ ਇਹ ਗ੍ਰੰਥ ਸੂਰਜ ਪ੍ਰਕਾਸ਼ ਤੋਂ ਕਿਤੇ ਪਹਿਲਾਂ ਦੀ ਲਿਖਤ ਹੈ ।

ਇਸ ਬਾਰੇ ਇਕ ਹੋਰ ਗੱਲ ਵੀ ਵਿਚਾਰਨ ਵਾਲੀ ਹੈ ਕਿ ਵਿਆਹ ਸਮੇਂ ਗੁਰੂ ਜੀ ਦੀ ਉਮਰ ਸਾਢੇ ਦਸਾਂ ਸਾਲਾਂ ਤੋਂ ਘਟ ਸੀ । ਜੇ ਉਸ ਦਿਨ ਇਕ ਆਦਮੀ ਦੀਆਂ ਸੱਤ ਧੀਆਂ ਨਾਲ ਆਪ ਜੀ ਦੀ ਸ਼ਾਦੀ ਹੋਈ ਮੰਨ ਲਈ ਜਾਵੇ ਅਤੇ ਇਹ ਵੀ ਮੰਨ ਲਿਆ ਜਾਵੇ ਕਿ ਸਭ ਤੋਂ ਵੱਡੀ ਲੜਕੀ ਜੇ ਆਪ ਤੋਂ ਛੋਟੀ ਨਹੀਂ ਤਾਂ ਆਪ ਦੇ ਹਾਣ ਦੀ ਜ਼ਰੂਰ ਹੋਵੇਗੀ, ਤਾਂ ਸਭ ਤੋਂ ਛੋਟੀ ਲੜਕੀ ਦੀ ਉਮਰ ਉਸ ਵੇਲੇ ਵਧ ਤੋਂ ਵਧ ਮਸਾਂ ਸਵਾ ਜਾਂ ਡੇਢ ਸਾਲ ਬਣਦੀ ਹੈ । ਕਿਹੜੇ ਮਾਪੇ ਹਨ– ਧੋਤੇ ਜਾਂ ਪੁਤੇਤੇ– ਜੋ ਇਸ ਤਰ੍ਹਾਂ ਦੇ ਵਿਆਹ ਕਰਨੇ ਮੰਨ ਲੈਣ ?

☆ ☆ ☆



## ਕਾਂਡ ੨

# ਗੁਰਿਆਈ ਦਾ ਸਮਾਂ-੧

ਗੁਰ-ਗੱਦੀ– ਅੱਗੇ ਦੱਸ ਆਏ ਹਾਂ ਕਿ ਕਿਵੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਮਗਰੋਂ ਗੁਰ-ਗੱਦੀ ਦੀਆਂ ਜ਼ੁੰਮੇਵਾਰੀਆਂ ਸੰਭਾਲਣ ਲਈ ਆਪਣੇ ਸਾਹਿਬਜ਼ਾਦਿਆਂ-ਸ੍ਰੀ ਸੂਰਜ ਮੱਲ ਤੇ ਸ੍ਰੀ ਤੇਗ ਬਹਾਦਰ ਅਤੇ ਆਪਣੇ ਛੋਟੇ ਪੋਤਰੇ-ਧੀਰਮੱਲ ਨੂੰ ਇਕ ਪਾਸੇ ਛੱਡ ਕੇ, ਆਪਣੇ ਵੱਡੇ ਪੋਤਰੇ, ਸ੍ਰੀ ਹਰਿਰਾਏ ਸਾਹਿਬ ਨੂੰ ਚੁਣਿਆ ।

ਛੇਵੇਂ ਸਤਿਗੁਰੂ ਚੇਤ ਸੁਦੀ ੫ (੬ ਚੇਤ) ਸੰਮਤ ੧੭੦੧ (ਮੁਤਾਬਕ ੩ ਮਾਰਚ ਸੰਨ ੧੬੪੪) ਨੂੰ ਐਤਵਾਰ ਵਾਲੇ ਦਿਨ ਜੋਤੀ ਜੋਤਿ ਸਮਾਏ । ਉਸ ਤੋਂ ਪੰਜ ਦਿਨ ਮਗਰੋਂ ਚੇਤ ਸੁਦੀ ੧੦ (੧੧ ਚੇਤ) ਸੰਮਤ ੧੭੦੧ ਮੁਤਾਬਕ ੮ ਮਾਰਚ ਸੰਨ ੧੬੪੪ ਨੂੰ ਸ਼ੁੱਕਰਵਾਰ ਵਾਲੇ ਦਿਨ, ਗੁਰਿਆਈ ਦੀ ਰਸਮ ਅਦਾ ਕੀਤੀ ਗਈ । ਬਾਬਾ ਬੁੱਢਾ ਜੀ ਦੇ ਸਪੁੱਤਰ ਅਤੇ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੇ ਗ੍ਰੰਥੀ, ਭਾਈ ਭਾਨਾ ਜੀ ਨੇ ਆਪ ਨੂੰ ਗੁਰਿਆਈ ਦਾ ਤਿਲਕ ਲਗਾਇਆ । ਸਾਰੀ ਸੰਗਤ ਨੇ ਆਪ ਅੱਗੇ ਮੱਥਾ ਟੇਕਿਆ ।

ਨਿੱਤ ਨੇਮ– ਗੁਰੂ ਹਰਿਰਾਇ ਸਾਹਿਬ ਨਾਮ, ਦਾਨ ਤੇ ਇਸ਼ਨਾਨ ਦੇ ਨਿੱਤ ਨੇਮ ਵਿੱਚ ਆਪ ਪੱਕੇ ਸਨ ਅਤੇ ਆਪਣੇ ਸਿੱਖਾਂ ਨੂੰ ਪੱਕੇ ਰਹਿਣ ਦਾ ਉਪਦੇਸ਼ ਦਿਆ ਕਰਦੇ ਸਨ । ਇਸ ਸਬੰਧ ਵਿੱਚ ਆਪ ਭਾਈ ਗੁਰਦਾਸ ਜੀ ਦੇ ਹੇਠ ਲਿਖੇ ਕਥਨ ਬੜੇ ਪ੍ਰੇਮ ਨਾਲ ਉਚਾਰਿਆ ਕਰਦੇ ਸਨ, ਆਪਣਾ ਜੀਵਨ ਇਨ੍ਹਾਂ ਮੁਤਾਬਕ ਢਾਲਦੇ ਸਨ ਅਤੇ ਗੁਰਸਿੱਖ ਨੂੰ ਅਜਿਹਾ ਕਰਨ ਦੀ ਪ੍ਰੇਰਨਾ ਕਰਦੇ ਸਨ–

*ਪਿਛਲੇ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ ।*
*ਮਿੱਠਾ ਬੋਲਣ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ ।*
*ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ[1] ਪਾਏ ।*
*ਘਾਲਿ[2] ਖਾਇ ਸੁਕ੍ਰਿਤ[3] ਕਰੇ ਵੱਡਾ ਹੋਇ ਨ ਆਪੁ ਗਣਾਏ ।*
*ਸਾਧਸੰਗਤਿ ਮਿਲਿ ਗਾਵਦੇ ਰਾਤਿ ਦਿਹੈ ਨਿਤ ਚਲਿ ਚਲਿ ਜਾਏ।*
*[4]ਸਬਦ ਸੁਰਤਿ ਪਰਚਾ ਕਰੈ ਸਤਿਗੁਰ ਪਰਚੈ ਮਨ ਪਰਚਾਏ ।*
*ਆਸਾ ਵਿਚਿ ਨਿਰਾਸੁ ਵਲਾਏ[5] ॥੧੫॥ (ਵਾਰ ੨੮)*

ਲੰਗਰ– ਗਰੀਬਾਂ ਤੇ ਲੋੜਵੰਦਾਂ ਦੀ ਸੇਵਾ ਸੰਭਾਲ ਵੱਲ ਆਪ ਨੇ ਖਾਸ ਧਿਆਨ ਦਿੱਤਾ । ਜੋ ਵੀ ਆਪ ਜੀ ਦੇ ਦਰਸ਼ਨਾਂ ਲਈ ਆਉਂਦੇ, ਆਪ ਉਨ੍ਹਾਂ ਤੋਂ ਪੁੱਛਦੇ, 'ਕਿ ਤੁਸੀਂ ਆਪਣੀ ਘਰੀਂ ਲੰਗਰ ਚਲਾਉਂਦੇ ਤੇ ਵੰਡ ਕੇ ਛਕਿਆ ਕਰਦੇ ਹੋ ?' ਇਸ ਤਰ੍ਹਾਂ ਆਪ ਸਭ ਤਾਈਂ ਇਹ ਪ੍ਰਗਟ ਕਰ ਦੇਂਦੇ ਕਿ ਲੰਗਰ ਚਲਾਉਣੇ ਸਿੱਖਾਂ ਦੀ ਰਹਿਣੀ ਦਾ ਜ਼ਰੂਰੀ ਅੰਗ ਹੈ । ਜਿਹੜੇ ਸਿੱਖ ਆਪੋ-ਆਪਣੀ ਪਿੰਡੀਂ ਲੰਗਰ ਚਲਾਉਂਦੇ ਸਨ । ਉਨ੍ਹਾਂ ਨੂੰ ਇਕ ਦਿਨ ਗੁਰੂ ਜੀ ਨੇ ਪੁੱਛਿਆ: 'ਤੁਸੀਂ ਕਿਨ੍ਹਾਂ ਨੇਮਾਂ ਅਸੂਲਾਂ ਹੇਠਾਂ ਲੰਗਰ ਤੋਰਦੇ ਹੋ ? ਕੀ ਤੁਸੀਂ ਸਭ ਨੂੰ ਘਰਦਿਆਂ ਵਾਂਗ ਪ੍ਰਸ਼ਾਦ ਛਕਾਉਂਦੇ ਹੋ ?' ਇਕ ਨੇ ਕਿਹਾ : 'ਜੇ ਲੰਗਰ ਵਰਤਣ ਵੇਲੇ ਕੋਈ ਮੁਸਾਫਿਰ ਜਾਂ ਗੁਰਸਿੱਖ ਆ ਜਾਵੇ, ਤਾਂ ਮੈਂ ਪਹਿਲਾਂ ਉਸ ਨੂੰ ਪ੍ਰਸ਼ਾਦ ਛਕਾਉਂਦਾ ਹਾਂ ਅਤੇ ਫੇਰ ਆਪ ਛਕਦਾ ਹਾਂ ।' ਦੂਜੇ ਨੇ ਕਿਹਾ : 'ਜਦ ਕੋਈ ਮੁਸਾਫਰ, ਸਾਧ ਸੰਤ ਜਾਂ ਗੁਰਸਿੱਖ ਮੇਰੇ ਘਰ ਆਵੇ, ਤਾਂ ਮੈਂ ਆਪਣੇ ਹੱਥੀਂ ਪ੍ਰਸ਼ਾਦੇ ਪਕਾ ਕੇ ਉਸ ਨੂੰ ਛਕਾਉਂਦਾ ਹਾਂ ।' ਤੀਜੇ ਨੇ ਕਿਹਾ : 'ਜਦ ਕੋਈ ਮੇਰੇ ਘਰ ਆਵੇ, ਮੈਂ

---

*੧ ਗੁਰੂ ਦੀ ਸਿੱਖਿਆ । ੨ ਕਮਾਈ ਕਰ ਕੇ । ੩ ਚੰਗੇ ਕੰਮ, ਨੇਕੀ ਦੇ ਕੰਮ । ੪ ਮਨ ਦੀ ਬਿਰਤੀ ਨਾਲ ਗੁਰਬਾਣੀ ਦਾ ਅਭਿਆਸ ਕਰੇ ਅਤੇ ਗੁਰੂ ਜੀ ਦੇ ਬਖਸ਼ੇ ਗਿਆਨ ਵਿੱਚ ਮਨ ਨੂੰ ਜੋੜੇ । ੫ ਗੁਜ਼ਾਰਾ ਕਰੇ ।*



ਪਹਿਲਾਂ ਉਸ ਦੇ ਚਰਨ ਧੋਂਦਾ ਹਾਂ, ਫੇਰ ਪ੍ਰਸ਼ਾਦ ਛਕਾਉਂਦਾ ਹਾਂ ਤੇ ਫੇਰ ਮੁੱਠੀ ਚਾਪੀ ਕਰਦਾ ਹਾਂ ।' ਚੌਥੇ ਨੇ ਕਿਹਾ : 'ਜੀ, ਮੈਂ ਘਰ ਆਇਆਂ ਨੂੰ ਪ੍ਰਸ਼ਾਦ ਛਕਾਉਂਦਾ ਹਾਂ ਅਤੇ ਜਾਣ ਲੱਗਿਆਂ ਦੇ ਜੋੜੇ ਝਾੜ ਕੇ ਥਾਂ ਸਿਰ ਰੱਖਦਾ ਹਾਂ ।'

ਗੁਰੂ ਜੀ ਨੇ ਕਿਹਾ : 'ਇਹ ਗੱਲ ਛੱਡੋ । ਇਹ ਦੱਸੋ ਕਿ ਜਦ ਲੰਗਰ ਵਰਤ ਚੁੱਕੇ ਤੇ ਕੋਈ ਭੁੱਖਾ ਰਾਹੀ (ਜਾਂ ਮੁਸਾਫਰ) ਜਾਂ ਸਿੱਖ ਆ ਜਾਵੇ, ਤਾਂ ਤੁਸੀਂ ਕੀ ਕਰਦੇ ਹੋ ?' ਸਿੱਖਾਂ ਨੇ ਉਤਰ ਦਿੱਤਾ, 'ਮਿਥੇ ਸਮੇਂ ਤੋਂ ਮਗਰੋਂ ਜਾਂ ਲੰਗਰ ਵਰਤ ਚੁੱਕਣ ਪਿੱਛੋਂ ਜੇ ਕੋਈ ਆ ਜਾਵੇ, ਤਾਂ ਉਸ ਨੂੰ ਲੰਗਰ ਨਹੀਂ ਛਕਾਇਆ ਜਾਂਦਾ। ਇਸ ਤਰ੍ਹਾਂ ਕਈ ਨਿਰਾਸ਼ ਹੋ ਕੇ ਜ਼ਰੂਰ ਮੁੜ ਜਾਂਦੇ ਹਨ ।'

ਇਹ ਸੁਣ ਕੇ ਗੁਰੂ ਜੀ ਨੇ ਕਿਹਾ : 'ਭਾਵੇਂ ਕਿਸੇ ਵੀ ਵੇਲੇ ਕੋਈ ਲੋੜਵੰਦ ਤੁਹਾਡੇ ਦਰ 'ਤੇ ਜਾਂ ਲੰਗਰ ਵਿੱਚ ਆਵੇ, ਉਸ ਨੂੰ ਪ੍ਰਸ਼ਾਦ ਜ਼ਰੂਰ ਛਕਾਓ ਅਤੇ ਕਿਸੇ ਨੂੰ ਨਿਰਾਸ਼ ਨਾ ਕਰੋ । ਜਿਹੜੇ ਇਸ ਤਰ੍ਹਾਂ ਕਰਨਗੇ, ਉਨ੍ਹਾਂ ਨੂੰ ਗੁਰੂ ਦੀਆਂ ਖੁਸ਼ੀਆਂ ਅਤੇ ਲੋਕ-ਪਰਲੋਕ ਦੇ ਸੁਖ ਮਿਲਣਗੇ ।

ਇਹ ਮਰਯਾਦਾ ਗੁਰੂ ਕੇ ਲੰਗਰ ਲਈ ਵੀ ਸੀ ਅਤੇ ਸਾਰੇ ਸਿੱਖਾਂ ਦੇ ਆਪੋ-ਆਪਣੀ ਥਾਵੀਂ ਚਲਾਏ ਲੰਗਰਾਂ ਲਈ ਵੀ । ਆਪ ਦਾ ਹੁਕਮ ਸੀ ਕਿ ਹਰੇਕ ਸਿੱਖ ਆਪਣੇ ਘਰ ਦੇਗ ਚਲਾਵੇ ਅਤੇ ਜਦੋਂ ਵੀ ਕੋਈ ਲੋੜਵੰਦ ਆ ਜਾਵੇ, ਉਸ ਨੂੰ ਅੰਨ-ਪਾਣੀ ਛਕਾਵੇ ਅਤੇ ਉਸ ਦੀ ਯੋਗ ਟਹਿਲ-ਸੇਵਾ ਕਰੇ ।

ਫੌਜ– ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਸ੍ਰੀ ਹਰਿਗੋਬਿੰਦ ਸਾਹਿਬ, ਸ੍ਰੀ ਹਰਿਰਾਇ ਸਾਹਿਬ ਨੂੰ ਆਗਿਆ ਕਰ ਗਏ ਸਨ ਕਿ ਜੰਗ ਤਾਂ ਨਾ ਕਰਨੇ, ਅਮਨ ਸਹਿਤ ਗੁਰਸਿੱਖੀ ਦਾ ਪ੍ਰਚਾਰ ਤੇ ਜਨਤਾ ਦਾ ਉਧਾਰ ਕਰਨਾ, ਪਰ ਆਪਣੇ ਪਾਸ ੨੨੦੦ ਸਵਾਰ ਸਦਾ ਤਿਆਰ-ਬਰ-ਤਿਆਰ ਰੱਖਣੇ । ਆਪ ਨੇ ਅਜਿਹਾ ਹੀ ਕੀਤਾ। ਇਨ੍ਹਾਂ ਸੂਰਬੀਰ ਸਵਾਰਾਂ ਤੇ ਉਨ੍ਹਾਂ ਦੇ ਘੋੜਿਆਂ ਦੀ ਖੁਰਾਕ-ਸੰਭਾਲ

ਤੇ ਕਸਰਤ ਅਭਿਆਸ ਦਾ ਗੁਰੂ ਜੀ ਖਾਸ ਖਿਆਲ ਰੱਖਦੇ ਸਨ। ਕੀਰਤਪੁਰ ਵਿੱਚ ਇਕ ਗੁਰ-ਅਸਥਾਨ ਚੁਬੱਚਾ ਸਾਹਿਬ ਇਸ ਗੱਲ ਦੀ ਯਾਦਗਾਰ ਹੈ। ਏਥੇ ਵੱਡੇ ਸਾਰੇ ਚੁਬੱਚੇ ਵਿੱਚ ਘੋੜਿਆਂ ਲਈ ਦਾਣਾ ਭਿਉਂ ਕੇ ਸਤਿਗੁਰੂ ਜੀ ਕਈ ਵਾਰੀ ਆਪਣੇ ਹੱਥੀਂ ਵਰਤਾਇਆ ਕਰਦੇ ਸਨ।

ਅਨੋਖੇ ਸ਼ਿਕਾਰੀ– ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਾਂਗੂੰ ਸ੍ਰੀ ਗੁਰੂ ਹਰਿਰਾਏ ਸਾਹਿਬ ਵੀ ਸ਼ਿਕਾਰ ਦੇ ਪ੍ਰੇਮੀ ਅਤੇ ਤਕੜੇ ਸ਼ਿਕਾਰੀ ਸਨ, ਪਰ ਨਾਲ ਹੀ ਆਪ ਸ਼ਿਕਾਰ ਨੂੰ ਮਾਰਨ ਦੀ ਥਾਂ ਜਿਉਂਦੇ ਫੜਨ ਦਾ ਯਤਨ ਕਰਦੇ ਸਨ। ਜਿਹੜੇ ਜਾਨਵਰ ਫੜੇ ਜਾਂਦੇ ਸਨ, ਉਨ੍ਹਾਂ ਨੂੰ ਆਪਣੇ ਬਾਗ ਵਿੱਚ ਲਿਆ ਕੇ ਉਨ੍ਹਾਂ ਦੀ ਪਾਲਨਾ ਕਰਦੇ ਕਰਾਉਂਦੇ ਸਨ। ਆਪ ਦਾ ਬਾਗ ਇਸ ਤਰ੍ਹਾਂ ਇਕ ਤਰ੍ਹਾਂ ਦਾ ਚਿੜੀਆ-ਘਰ ਬਣ ਗਿਆ ਸੀ।

ਦਵਾਈਖਾਨਾ– ਸ੍ਰੀ ਗੁਰੂ ਹਰਿਰਾਇ ਸਾਹਿਬ ਰੋਗੀ ਤੇ ਦੁਖੀ ਦਿਲਾਂ ਨੂੰ ਨਾਮ ਦਾਨ ਦੇ ਕੇ ਅਰੋਗ ਤੇ ਸੁਖੀ ਕਰਦੇ ਸਨ। ਉਨ੍ਹਾਂ ਵਿੱਚੋਂ ਬਦੀਆਂ ਔਗੁਣ ਕੱਢ ਕੇ, ਪਾਪ ਵਾਲੇ ਪਾਸੇ ਦੀਆਂ ਰੁਚੀਆਂ ਨੂੰ ਉਚੇ-ਸੁਚੇ ਜੀਵਨ ਵੱਲ ਪ੍ਰੇਰ ਕੇ ਅਤੇ ਢਹਿੰਦੀਆਂ ਕਲਾਂ ਵਾਲੇ ਰਾਹੋਂ ਹਟਾ ਕੇ ਚੜ੍ਹਦੀਆਂ ਕਲਾਂ ਵਿੱਚ ਵਿਚਰਨ ਦੀ ਜਾਚ ਦੱਸ ਕੇ ਉਨ੍ਹਾਂ ਨੂੰ ਨਰੋਏ ਤੇ ਬਲਵਾਨ ਬਣਾਉਂਦੇ ਸਨ। ਨਾਲ ਹੀ ਆਪ ਇਨਸਾਨਾਂ ਦੇ ਰੋਗੀ ਤਨਾਂ ਦੇ ਰੋਗ ਮਿਟਾਉਣ ਅਤੇ ਉਨ੍ਹਾਂ ਨੂੰ ਨਰੋਏ ਤੇ ਸੁਖੀ ਬਣਾਉਣ ਦਾ ਵੀ ਪ੍ਰਬੰਧ ਕਰਦੇ ਸਨ। ਆਪ ਨੇ ਬੜਾ ਵੱਡਾ ਦਵਾਈਖਾਨਾ ਖੋਲ੍ਹਿਆ ਅਤੇ ਉਸ ਵਿੱਚ ਬੜੀਆਂ ਕੀਮਤੀ ਤੇ ਦੁਰਲੱਭ ਦਵਾਈਆਂ ਮੰਗਵਾ ਕੇ ਰੱਖੀਆਂ। ਕੋਈ ਰੋਗੀ ਕਿਸੇ ਵੇਲੇ ਵੀ ਆ ਜਾਂਦਾ, ਉਸ ਨੂੰ ਮੁਫਤ ਦਵਾਈ ਤੇ ਖੁਰਾਕ ਮਿਲਦੀ ਅਤੇ ਉਸ ਦੀ ਪ੍ਰੇਮ ਨਾਲ ਟਹਿਲ ਸੇਵਾ ਕੀਤੀ ਜਾਂਦੀ।

ਆਪ ਦਾ ਦਵਾਈਖਾਨਾ ਇੰਨਾਂ ਪ੍ਰਸਿੱਧ ਹੋ ਗਿਆ ਕਿ ਏਥੋਂ



ਦਵਾਈਆਂ ਲੈਣ ਵਾਸਤੇ ਦੂਰੋਂ-ਦੂਰੋਂ ਲੋਕ ਆਇਆ ਕਰਦੇ ਸਨ। ਇਕ ਵੇਰ ਸ਼ਾਹ ਜਹਾਨ ਬਾਦਸ਼ਾਹ ਦਾ ਪੁੱਤ, ਦਾਰਾ ਸ਼ਿਕੋਹ, ਸਖ਼ਤ ਬੀਮਾਰ ਹੋ ਗਿਆ। ਹਕੀਮਾਂ ਨੇ ਖਾਸ ਕਿਸਮ ਦੇ ਵਜ਼ਨ ਦੀ ਹਰੜ ਤੇ ਲੌਂਗ ਦਵਾਈ ਲਈ ਤਜਵੀਜ਼ ਕੀਤੇ। ਸ਼ਾਹ ਜਹਾਨ ਨੇ ਸਭ ਥਾਵਾਂ ਤੋਂ ਪਤਾ ਕੀਤਾ, ਪਰ ਇਹ ਸ਼ੈਆਂ ਕਿਤਿਓਂ ਨਾ ਮਿਲੀਆਂ। ਅਖ਼ੀਰ ਵਿੱਚ ਉਸ ਨੂੰ ਗੁਰੂ ਜੀ ਦੇ ਦਵਾਈਖਾਨੇ ਦੀ ਦੱਸ ਪਈ। ਪਹਿਲਾਂ ਤਾਂ ਉਹ ਝਕਿਆ ਕਿ ਮੇਰਾ ਤਾਂ ਗੁਰੂ-ਘਰ ਨਾਲ ਵੈਰ ਰਿਹਾ ਹੈ, ਮੈਂ ਕਿਹੜੇ ਮੂੰਹ ਨਾਲ ਸਵਾਲ ਕਰਾਂ ਤੇ ਉਹ ਇਹ ਸ਼ੈਆਂ ਮੈਨੂੰ ਦੇਣ ਵੀ ਕਿਥੇ ਲੱਗੇ ਹਨ? ਪਰ ਅੰਤ ਨੂੰ ਉਸ ਨੇ ਚਿੱਠੀ ਦੇ ਕੇ ਇਕ ਆਦਮੀ ਭੇਜ ਹੀ ਦਿੱਤਾ।

ਬੁਰੇ ਤੇ ਵੈਰੀ ਦਾ ਵੀ ਭਲਾ ਕਰਨਾ ਗੁਰੂ-ਘਰ ਦੀ ਮੁੱਢ ਤੋਂ ਹੀ ਰੀਤੀ ਰਹੀ ਹੈ। ਇਸ ਮੁਜਬ ਸ੍ਰੀ ਗੁਰੂ ਹਰਿਰਾਇ ਜੀ ਨੇ ਲੋੜੀਂਦੀ ਹਰੜ ਤੇ ਲੌਂਗਾਂ ਦੇ ਦੇਣ ਤੋਂ ਇਲਾਵਾ ਇਕ ਜਗਮੋਤੀ ਵੀ ਦਿੱਤਾ ਅਤੇ ਕਿਹਾ ਕਿ ਇਸ ਨੂੰ ਪੀਹ ਕੇ ਨਾਲ ਹੀ ਦੇ ਦੇਣਾ, ਦਵਾਈ ਵਧੇਰੇ ਗੁਣ ਕਰੇਗੀ। ਦਾਰਾ ਸ਼ਿਕੋਹ ਰਾਜ਼ੀ ਹੋ ਗਿਆ। ਉਸ ਨੇ ਕੀਰਤਪੁਰ ਪਹੁੰਚ ਕੇ ਗੁਰੂ ਜੀ ਦਾ ਧੰਨਵਾਦ ਕੀਤਾ। ਗੁਰੂ ਜੀ ਦੇ ਉਪਦੇਸ਼ ਸੁਣ ਕੇ ਅਤੇ ਉਨ੍ਹਾਂ ਦੇ ਸਿੱਖਾਂ ਦੀ ਰਹਿਣੀ ਬਹਿਣੀ ਵੇਖ ਕੇ ਉਸ ਦੇ ਮਨ ਉਪਰ ਬੜਾ ਅਸਰ ਹੋਇਆ।

ਦਾਰਾ ਸ਼ਿਕੋਹ ਦੀ ਸਹਾਇਤਾ– ਅੱਗੇ ਦੱਸ ਆਏ ਹਾਂ ਕਿ ਛੇਵੇਂ ਸਤਿਗੁਰ ਦੀ ਆਗਿਆ ਮੁਜਬ ਸ੍ਰੀ ਗੁਰੂ ਹਰਿਰਾਇ ਜੀ ਨੇ ੨੨੦੦ ਹਥਿਆਰਬੰਦ ਤੇ ਤਿਆਰ-ਬਰ-ਤਿਆਰ ਸਵਾਰ ਰੱਖੇ ਹੋਏ ਸਨ, ਤਾਂ ਜੁ ਅਚਨਚੇਤ ਲੋੜ ਪੈਣ 'ਤੇ ਉਨ੍ਹਾਂ ਨੂੰ ਵਰਤਿਆ ਜਾ ਸਕੇ ਪਰ ਉਂਜ ਆਪ ਅਮਨ ਦੇ ਚਾਹਵਾਨ ਸਨ ਅਤੇ ਅਮਨ ਵਿੱਚ ਰਹਿ ਕੇ ਗੁਰਸਿੱਖੀ ਦਾ ਪ੍ਰਚਾਰ ਤੇ ਜਗਤ ਦਾ ਉਧਾਰ ਕਰਨਾ ਚਾਹੁੰਦੇ ਸਨ। ਜਦ ਸ਼ਾਹ ਜਹਾਨ ਅਤੇ ਉਸ ਦੇ ਪੁੱਤ ਵਿਚਕਾਰ ਦਿੱਲੀ ਦੇ ਤਖ਼ਤ ਬਾਰੇ ਲੜਾਈ ਛਿੜੀ, ਤਾਂ ਇਕ ਸਮੇਂ ਅਤੀ